**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,**
**ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ, ਪੰਜਾਬ

ਮੀਮੋ ਨੰ :- **ਸਸਅ**/2015/ਐਮ.ਆਈ.ਐਸ./ਈ-ਪੰਜਾਬ/ 2015/5175
ਮਿਤੀ : ਚੰਡੀਗੜ੍ਹ 16 **ਸਤੰਬਰ**, 2015

**ਵਿਸ਼ਾ :** **ਮਾਸਟਰ ਅਤੇ ਲੈਕਚਰਾਰ ਕਾਰਡ ਦੇ ਅਧਿਆਪਕਾਂ ਵਲੋਂ ਪਿਛਲੇ ਪੰਜ ਸਾਲ ਦਾ 10ਵੀਂ ਅਤੇ 12ਵੀਂ ਜਮਾਤ ਦਾ ਬੋਰਡ ਦਾ ਨਤੀਜਾ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਰਕਾਰੀ ਸਕੂਲਾਂ ਦੇ ਮਾਸਟਰ ਅਤੇ ਲੈਕਚਰਾਰ ਕਾਡਰ ਦੇ ਅਧਿਆਪਕਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਸਰਕਾਰ ਵਲੋਂ ਬੋਰਡ ਦੇ ਪਿਛਲੇ ਪੰਜ ਸਾਲ ਦੇ 10ਵੀਂ ਅਤੇ 12ਵੀਂ ਜਮਾਤ ਦੇ ਨਤੀਜਿਆਂ ਨੂੰ ਅਧਿਆਪਕਾਂ ਵਲੋਂ ਦਿੱਤੀ ਜਾ ਰਹੀ ਸਿੱਖਿਆ ਨਾਲ ਜੋੜ ਕੇ ਟ੍ਰੇਨਿੰਗ ਅਤੇ ਸਿੱਖਿਆ ਨੀਤੀਆਂ ਵਿਚ ਸੁਧਾਰ ਦਾ ਪਲਾਨ ਤਿਆਰ ਕਰਨ ਦੀ ਤਜਵੀਜ ਹੈ। ਇਸ ਮੰਤਵ ਲਈ ਇਹ ਜਰੂਰੀ ਹੈ ਕਿ ਹਰ ਅਧਿਆਪਕ ਪਿਛਲੇ ਪੰਜ ਸਾਲ ਦਾ 10ਵੀਂ ਅਤੇ 12ਵੀਂ ਜਮਾਤ ਦਾ ਆਪਣਾ ਬੋਰਡ ਦਾ ਨਤੀਜਾ ਵਿਭਾਗ ਦੇ ਪੋਰਟਲ www.epunjabschool.gov.in ਉੱਤੇ ਅਪਡੇਟ ਕਰਨ।

ਸਿੱਖਿਆ ਵਿਭਾਗ ਵਲੋਂ ਇਸ ਪੋਰਟਲ ਅਧੀਨ ਹਰ ਸਕੂਲ ਨੂੰ ਇੱਕ ਲਾਗਇਨ ਅਤੇ ਪਾਸਵਰਡ ਮੁਹਈਆ ਕਰਵਾਇਆ ਗਿਆ ਹੈ ਅਤੇ ਅਧਿਆਪਕ ਆਪਣਾ ਨਤੀਜਾ ਆਪਣੇ ਸਕੂਲ ਦੇ ਈਪੰਜਾਬਸਕੂਲ ਪੋਰਟਲ ਉੱਤੇ ਨੋਡਲ ਇੰਚਾਰਜ ਨਾਲ ਬੈਠ ਕੇ ਆਪ ਦਰਜ ਕਰਵਾਉਣ। ਅਧਿਆਪਕ ਵਲੋਂ ਪਿਛਲੇ ਪੰਜ ਸਾਲ ਦੌਰਾਨ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜਿਸ ਵਿਸ਼ੇ ਵਿਚ ਪੜ੍ਹਾਇਆ ਗਿਆ ਹੈ ਉਸ ਵਿਸ਼ੇ ਦਾ ਨਤੀਜਾ ਹੀ ਅਪਡੇਟ ਕੀਤਾ ਜਾਵੇ। ਅਧਿਆਪਕਾਂ ਵਲੋਂ ਨਤੀਜਾ ਮਿਤੀ 15-10-2015 ਤੱਕ ਹਰ ਹਾਲਤ ਵਿਚ ਪੋਰਟਲ ਉੱਤੇ ਅਪਡੇਟ ਕਰ ਦਿੱਤਾ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਆਪਣੇ ਅਧੀਨ ਆਉਂਦੇ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਵਲੋਂ ਭਰੇ ਜਾ ਰਹੇ ਨਤੀਜਿਆਂ ਨੂੰ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਦੀ ਮਦਦ ਨਾਲ ਰੋਜਾਨਾ ਮੋਨੀਟਰ ਕਰਨ ਅਤੇ ਸਮੇਂ ਸਿਰ ਇਸ ਕੰਮ ਨੂੰ ਮੁਕੰਮਲ ਕਰਵਾਉਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) ਨਿਜੀ ਸਕੱਤਰ, ਮਾਨਯੋਗ ਸਿੱਖਿਆ ਮੰਤਰੀ ਜੀ, ਪੰਜਾਬ
2) ਨਿਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ, ਪੰਜਾਬ